# ਅੰਤਿਕਾ 4

## ਨਵੇਂ ਨੇਮ ਵਿਚ ''ਰਾਜ'' ਸ਼ਬਦ

ਨਵੇਂ ਨੇਮ ਵਿਚ ''ਰਾਜ'' ਸ਼ਬਦ ਦਾ ਮੂਲ ਅਰਥ ''ਹਕੂਮਤ, ਸ਼ਕਤੀ ਜਾਂ ਪ੍ਰਭੂਤਾ'' ਹੈ। ਇਸ ਲਈ, ਪ੍ਰਮੇਸ਼ਵਰ ਦਾ ਰਾਜ, ਪ੍ਰਮੇਸ਼ਵਰ ਦੀ ਹਕੂਮਤ ਜਾਂ ਪ੍ਰਭੂਤਾ ਹੈ।

ਨਵੇਂ ਨੇਮ ਵਿਚ ''ਰਾਜ'' ਸ਼ਬਦ ਲਗਭਗ ਛੇ ਵੱਖ-ਵੱਖ ਸੰਦਰਭਾਂ ਵਿਚ ਮਿਲਦਾ ਹੈ। ਪਹਿਲਾ, ਇਹਦੀ ਵਰਤੋਂ ਸੰਸਾਰਕ, ਸਿਆਸੀ ਹਕੂਮਤ ਲਈ ਹੋਈ ਹੈ (ਵੇਖੋ ਮੱਤੀ 4:8)। ਦੂਜਾ, ਇਹਦੀ ਵਰਤੋਂ ਇਸਰਾਏਲ ਦੇ ਰਾਜ ਲਈ ਹੋਈ ਹੈ (ਵੇਖੋ ਮੱਤੀ 8:12)। ਤੀਜਾ, ਇਹਦੀ ਵਰਤੋਂ ਪ੍ਰਮੇਸ਼ਵਰ ਦੀ ਹਕੂਮਤ ਜਾਂ ਸ਼ਕਤੀ ਲਈ ਕੀਤੀ ਗਈ ਹੈ (ਵੇਖੋ ਮੱਤੀ 12:28)। ਚੌਥਾ, ਇਹਨੂੰ ਕਲੀਸੀਆ ਲਈ ਵਰਤਿਆ ਗਿਆ ਹੈ, ਜੋ ਕਿ ਧਰਤੀ ਉੱਤੇ ਪ੍ਰਮੇਸ਼ਵਰ ਦੀ ਖ਼ਾਸ ਹਕੂਮਤ ਹੈ (ਵੇਖੋ ਮੱਤੀ 11:11; 16:18; ਯੂਹੰਨਾ 3:5; ਕੁਲੁੱਸੀਆਂ 1:13)। ਪੰਜਵਾਂ, ਇਹਦੀ ਵਰਤੋਂ ਪ੍ਰਮੇਸ਼ਵਰ ਦੇ ਅਨਾਦੀ ਰਾਜ ਯਾਨੀ ਸਵਰਗ ਲਈ ਕੀਤੀ ਗਈ ਹੈ (ਵੇਖੋ ਲੂਕਾ 13:28)। ਛੇਵਾਂ, ਇਹਨੂੰ ਸ਼ੈਤਾਨ ਦੇ ਅਧਿਕਾਰ ਖੇਤਰ ਲਈ ਵਰਤਿਆ ਗਿਆ ਹੈ (ਵੇਖੋ ਮੱਤੀ 12:26)।

ਮੱਤੀ ਨੇ ''ਸਵਰਗ ਦਾ ਰਾਜ'' ਵਾਕਾਂਸ਼ ਦੀ ਵਰਤੋਂ ਕਾਫ਼ੀ ਕੀਤੀ ਹੈ। ਮਰਕੁਸ, ਲੂਕਾ ਅਤੇ ਯੂਹੰਨਾ ਨੇ ਬਿਨਾਂ ਅਪਵਾਦ ਦੇ ''ਪ੍ਰਮੇਸ਼ਵਰ ਦਾ ਰਾਜ'' ਵਾਕਾਂਸ਼ ਵਰਤਿਆ ਹੈ। ਸਪਸ਼ਟ ਤੌਰ ਤੇ ਇਨ੍ਹਾਂ ਦੋਹਾਂ ਵਾਕਾਂਸ਼ਾਂ ਦਾ ਇੱਕੋ ਹੀ ਅਰਥ ਹੈ।

ਧਿਆਨ ਨਾਲ ਅਧਿਐਨ ਕਰੋ, ਪਵਿੱਤਰ ਆਤਮਾ ਨੇ ਨਵੇ ਨੇਮ ਵਿਚ ''ਰਾਜ'' ਸ਼ਬਦ ਨੂੰ ਕਿਵੇਂ ਵਰਤਿਆ ਹੈ। ਬ੍ਰੈਕਟਾਂ ਵਿਚ ਦਿੱਤੀ ਗਈ ਗਿਣਤੀ ਇਹ ਸੰਕੇਤ ਹੈ ਕਿ ਇਸ ਸ਼ਬਦ ਦਾ ਪ੍ਰਤੀਕ ਕਿੰਨੀ ਵਾਰ ਆਇਆ ਹੈ।

**''ਇਕ ਰਾਜ''** (2)

**ਲੂਕਾ** (1)-22:29, 30.
**ਇਬਰਾਨੀਆਂ** (1)-12:28.

**''ਰਾਜ''** (11)

**ਮੱਤੀ** (4)-6:13 (ਇਸ ਆਇਤ ਦਾ ਆਖ਼ਰੀ ਵਾਕ ਕੁਝ ਬਹੁਤ ਭਰੋਸੇਯੋਗ ਪੁਰਾਤਨ ਲਿਖਤਾਂ ਵਿਚ ਨਹੀਂ ਮਿਲਦਾ); 8:12; 13:19; 13:38; 25:34.
**ਮਰਕੁਸ** (1)-11:10.
**ਲੂਕਾ** (1)-12:32.
**ਰਸੂਲਾਂ ਦੇ ਕੰਮ** (2) 1:6; 20:25.

**1 ਕੁਰਿੰਥੀਆਂ** (1)-15:24.
**ਯਾਕੂਬ** (1)-2:5.
**ਪ੍ਰਕਾਸ਼ ਦੀ ਪੋਥੀ** (1)-1:9.

### ''ਸਵਰਗ ਦਾ/ਦੇ ਰਾਜ'' (31)

**ਮੱਤੀ** (31)-3:2; 4:17; 5:3; 5:10; 5:19 (ਦੋ ਵਾਰ); 5:20; 7:21; 8:11; 11:11; 11:12; 13:11; 13:24; 13:31; 13:33; 13:44; 13:45; 13:47; 13:52; 16:19; 18:1; 18:3; 18:4; 18:23; 19:12; 19:14; 19:23; 20:1; 22:2; 23:13; 25:1.

### ''ਰਾਜ ਦੀ ਖੁਸ਼ਖ਼ਬਰੀ'' (3)

**ਮੱਤੀ** (3)-4:23; 9:35; 24:14.

### ''ਪ੍ਰਮੇਸ਼ਵਰ ਦਾ/ਦੇ ਰਾਜ'' (67)

**ਮੱਤੀ** (4)-12:28; 19:24; 21:31; 21:43.
**ਮਰਕੁਸ** (14)-1:15; 4:11; 4:26; 4:30; 9:1; 9:47; 10:14; 10:15; 10:23; 10:24; 10:25; 12:34; 14:25; 15:43.
**ਲੂਕਾ** (32)-4:43; 6:20; 7:28; 8:1; 8:10; 9:2; 9:11; 9:27; 9:60; 9:62; 10:9; 10:11; 11:20; 13:18; 13:20; 13:28; 13:29; 14:15; 16:16; 17:20 (ਦੋ ਵਾਰ); 17:21; 18:16; 18:17; 18:24; 18:25; 18:29, 30; 19:11; 21:31; 22:16; 22:18; 23:50, 51.
**ਯੂਹੰਨਾ** (2)-3:3; 3:5.
**ਰਸੂਲਾਂ ਦੇ ਕੰਮ** (6)-1:3; 8:12; 14:22; 19:8; 28:23; 28:31.
**ਰੋਮੀਆਂ** (1)-14:17.
**1 ਕੁਰਿੰਥੀਆਂ** (4)-4:20; 6:9; 6:10; 15:50.
**ਗਲਾਤੀਆਂ** (1)-5:21.
**ਕੁਲੁੱਸੀਆਂ** (1)-4:11.
**2 ਥੱਸਲੁਨੀਕੀਆਂ** (1)-1:5.
**ਪ੍ਰਕਾਸ਼ ਦੀ ਪੋਥੀ** (1)-12:10.

### ਮਸੀਹ ਦਾ ਰਾਜ (15)

**ਮੱਤੀ** (3)-13:41; 16:28; 20:21.
**ਲੂਕਾ** (3)-1:33; 22:30; 23:42.
**ਯੂਹੰਨਾ** (3)-18:36 (ਤਿੰਨ ਵਾਰ).
**ਕੁਲੁੱਸੀਆਂ** (1)-1:13.

**2 ਤਿਮੋਥਿਉਸ** (2)-4:1; 4:18.
**ਇਬਰਾਨੀਆਂ** (1)-1:8.
**2 ਪਤਰਸ** (1)-1:11.
**ਪ੍ਰਕਾਸ਼ ਦੀ ਪੋਥੀ** (1)-11:15.

### ਪਿਤਾ ਦਾ ਰਾਜ (7)

**ਮੱਤੀ** (4)-6:10; 6:33; 13:43; 26:29.
**ਲੂਕਾ** (2)-11:2; 12:31.
**1 ਥੱਸਲੁਨੀਕੀਆਂ** (1)-2:12.

### ''ਮਸੀਹ ਅਤੇ ਪ੍ਰਮੇਸ਼ਵਰ ਦਾ ਰਾਜ'' (1)

**ਅਫ਼ਸੀਆਂ** (1)-5:5.

### ਜਗਤ ਦਾ/ਦੇ ਰਾਜ (20)

**ਮੱਤੀ** (4)-4:8; 12:25; 24:7 (ਦੋ ਵਾਰ)।
**ਮਰਕੁਸ** (5)-3:24 (ਦੋ ਵਾਰ); 6:23; 13:8 (ਦੋ ਵਾਰ)।
**ਲੂਕਾ** (7)-4:5; 11:17 (ਦੋ ਵਾਰ); 19:12; 19:15; 21:10 (ਦੋ ਵਾਰ)।
**ਇਬਰਾਨੀਆਂ** (1)-11:33.
**ਪ੍ਰਕਾਸ਼ ਦੀ ਪੋਥੀ** (3)-11:15; 17:12; 17:17.

### ਧਰਤੀ ਦੇ ਰਾਜਿਆਂ ਉੱਤੇ ਰਾਜ (1)

**ਪ੍ਰਕਾਸ਼ ਦੀ ਪੋਥੀ** (1)-17:18.

### ਸ਼ੈਤਾਨ ਦਾ ਰਾਜ (3)

**ਮੱਤੀ** (1)-12:26.
**ਲੂਕਾ** (1)-11:18.
**ਪ੍ਰਕਾਸ਼ ਦੀ ਪੋਥੀ** (1)-16:10.

## ਵਧੇਰੇ ਬਾਈਬਲ ਅਧਿਐਨ ਲਈ ਰਹਿਨੁਮਾਈ

**ਬਾਈਬਲ ਮੁਤਾਬਕ ਪ੍ਰਮੇਸ਼ਵਰ ਨਾਲ ਸੁਲ੍ਹਾ ਕਿਵੇਂ ਕੀਤੀ ਜਾ ਸਕਦੀ ਹੈ**

1. ਪ੍ਰਮੇਸ਼ਵਰ ਨਾਲ ਮੇਲ, ਜਾਂ ਬਚਾਇਆ ਜਾਣਾ, ਉਹਦਾ ਦਾਨ ਹੈ ਜੋ ਯਿਸੂ ਮਸੀਹ ਵਿਚ ਵਿਸ਼ਵਾਸ ਰਾਹੀਂ ਪਾਇਆ ਜਾ ਸਕਦਾ ਹੈ। ਪੜ੍ਹੋ ਰੋਮੀਆਂ 5:1, 2; ਯੂਹੰਨਾ 14:6।
2. ਯਿਸੂ ਤੁਹਾਡੇ ਬਚਾਉਣ ਲਈ ਮਰਿਆ। ਪੜ੍ਹੋ 1 ਪਤਰਸ 2:21-24; 2 ਕੁਰਿੰਥੀਆਂ 5:21.
3. ਉਹ ਸਲੀਬ ਉੱਤੇ ਕੁਰਬਾਨ ਹੋਇਆ। ਪੜ੍ਹੋ ਮੱਤੀ 27:27-54.
4. ਇਹ ਜਾਣਨ ਦੇ ਬਾਵਜੂਦ ਕਿ ਅੱਗੇ ਕੀ ਹੋਣ ਵਾਲਾ ਹੈ ਉਹਨੇ ਆਪਣੇ ਆਪ ਨੂੰ ਪ੍ਰਮੇਸ਼ਵਰ ਦੀ ਇੱਛਾ ਅੱਗੇ ਸੌਂਪ ਦਿਤਾ। ਪੜ੍ਹੋ ਮੱਤੀ 26:47-56.
5. ਉਹਦਾ ਇਹ ਸਮਰਪਣ ਪਿਆਰ ਦੀ ਖ਼ਾਤਰ ਸੀ। ਪੜ੍ਹੋ ਯੂਹੰਨਾ 15:13.
6. ਉਹਦੇ ਪਿਆਰ ਵਿਚ ਉਹਦਾ ਖ਼ੁਦਾਈ ਮੂਲ ਝਲਕਦਾ ਸੀ। ਪੜ੍ਹੋ ਯੂਹੰਨਾ 3:16.
7. ਉਹ ਪ੍ਰਮੇਸ਼ਵਰ ਦਾ ਪੁੱਤਰ ਬਲਕਿ ਇਸ ਨਾਲੋਂ ਵੀ ਵਧਕੇ ਸੀ। ਪੜ੍ਹੋ ਯੂਹੰਨਾ 1:1-14.
8. ਭਾਂਵੇਂ ਉਹ ਖੁਦਾ ਸੀ, ਪਰ ਉਹਨੇ ਪ੍ਰਮੇਸ਼ਵਰ ਦਾ ਹੁਕਮ ਮੰਨਣਾ ਸਿੱਖਿਆ। ਤੁਹਾਨੂੰ ਵੀ ਪ੍ਰਮੇਸ਼ਵਰ ਦਾ ਹੁਕਮ ਮੰਨਣਾ ਸਿੱਖਣਾ ਚਾਹੀਦਾ ਹੈ। ਪੜ੍ਹੋ ਇਬਰਾਨੀਆਂ 5:8, 9.
9. ਹੁਕਮ ਨਾ ਮੰਨਣ ਵਾਲੇ ਅਨੰਤ ਵਿਨਾਸ਼ ਦੀ ਸਜ਼ਾ ਪਾਉਣਗੇ ਅਤੇ ਪ੍ਰਭੂ ਦੀ ਹਜ਼ੂਰੀ ਤੋਂ ਵੀ ਅੱਡ ਕੀਤੇ ਜਾਣਗੇ। ਪੜ੍ਹੋ 2 ਥੱਸਲੁਨੀਕੀਆਂ 1:7-9.
10. ਤੁਹਾਡੇ ਪਾਪਾਂ ਨੇ ਤੁਹਾਨੂੰ ਪ੍ਰਮੇਸ਼ਵਰ ਤੋਂ ਦੂਰ ਕਰ ਦਿੱਤਾ ਹੈ। ਪੜ੍ਹੋ ਰੋਮੀਆਂ 3:23; 6:23.
11. ਜੋ ਲੋਕ ਪਾਪ ਵਿਚ ਰਹਿੰਦੇ ਹਨ, ਉਹ ਨਾਫ਼ਰਮਾਨ ਹਨ ਅਤੇ ਸਵਰਗ ਵਿਚ ਨਹੀਂ ਜਾਣਗੇ। ਪੜ੍ਹੋ ਗਲਾਤੀਆਂ 5:19-21.
12. ਸਾਨੂੰ ਯਿਸੂ ਮਸੀਹ ਦੇ ਲਹੂ ਨਾਲ ਧੋਤਾ ਅਤੇ ਪਵਿੱਤਰ ਕੀਤਾ ਗਿਆ ਹੈ। ਪੜ੍ਹੋ 1 ਕੁਰਿੰਥੀਆਂ 6:9-11.
13. ਤੁਸੀਂ ਆਪਣੇ ਪਾਪਾਂ ਲਈ ਅਫ਼ਸੋਸ ਜਤਾ ਕੇ ਅਤੇ ਪਾਪ ਭਰੀ ਜ਼ਿੰਦਗੀ ਤੋਂ ਮੁੜ ਕੇ ਹਮੇਸ਼ਾ ਦੇ ਵਿਨਾਸ਼ ਤੋਂ ਬਚ ਸਕਦੇ ਹੋ। ਪੜ੍ਹੋ 2 ਕੁਰਿੰਥੀਆਂ 7:9, 10.
14. ਯਿਸੂ ਨੇ ਪਾਪਾਂ ਦੀ ਮਾਫ਼ੀ ਲਈ ਸਲੀਬ ਤੇ ਆਪਣਾ ਲਹੂ ਵਹਾਇਆ। ਪੜ੍ਹੋ ਯੂਹੰਨਾ 19:33, 34; ਮੱਤੀ 26:28.
15. ਮਸੀਹ ਦਾ ਲਹੂ ਤੁਹਾਨੂੰ ਛੁਟਕਾਰਾ ਦਵਾ ਸਕਦਾ ਹੈ। ਪੜ੍ਹੋ 1 ਪਤਰਸ 1:18, 19.
16. ਮਸੀਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਇਸ ਲਈ ਛੁਟਕਾਰਾ ਹੋ ਸਕਦਾ ਹੈ। ਪੜ੍ਹੋ 1 ਕੁਰਿੰਥੀਆਂ 15:20-22; 1 ਪਤਰਸ 3:21.
17. ਤੌਬਾ ਕਰਕੇ ਤੁਸੀਂ ਉਹਦੀ ਮੌਤ ਅਤੇ ਜੀ ਉੱਠਣ ਵਿਚ ਬਪਤਿਸਮਾ ਲੈ ਕੇ ਨਵੀਂ ਜ਼ਿੰਦਗੀ ਵਿਚ ਉੱਠਦੇ ਹੋ ਤਾਂ ਤੁਹਾਨੂੰ ਪਾਪਾਂ ਤੋਂ ਛੁਟਕਾਰਾ ਅਤੇ ਮਾਫ਼ੀ ਮਿਲਦੀ ਹੈ। ਪੜ੍ਹੋ ਮਰਕੁਸ 16:16; ਰਸੂਲਾਂ ਦੇ ਕੰਮ 2:36-39; ਰੋਮੀਆਂ 6:3, 4; ਕੁਲੁੱਸੀਆਂ 2:12-14.
18. ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਪਾਪ ਧੋਤੇ ਜਾਣ? ਕੀ ਤੁਸੀਂ ਮਸੀਹ ਵਿਚ ਨਵਾਂ ਜੀਵਨ ਪਾਉਣਾ ਚਾਹੁੰਦੇ ਹੋ? ਪੜ੍ਹੋ ਰਸੂਲਾਂ ਦੇ ਕੰਮ 22:16.
19. ਆਗਿਆਕਾਰਤਾ ਦੇ ਇਕ ਜ਼ਰੂਰੀ ਉਦਾਹਰਣ ਲਈ, ਪੜ੍ਹੋ ਰਸੂਲਾਂ ਦੇ ਕੰਮ 8:26-39.
20. ਖੋਜੇ ਨੂੰ ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਨ ਤੇ ਹੀ ਪਾਣੀ ਵਿਚ ਡੁਬਕੀ ਦਿੱਤੀ ਗਈ ਸੀ। ਤੁਸੀਂ ਕੀ ਕਰੋਗੇ?